ਐਨ ਡੀ ਏ ਸਰਕਾਰ 'ਚ ਬੀਜੇਪੀ ਨੂੰ ਸਮਰਥਨ ਦੇਣ ਵਾਲੀਆਂ ਪਾਰਟੀਆਂ ਕਰਵਾਉਣ ਸੁਆਮੀਨਾਥਨ ਰਿਪੋਰਟ ਲਾਗੂ : ਆਗੂ

ਪੰਜਾਬ ਟਾਇਮਜ਼ ਵਿਸ਼ੇਸ਼

ਮੋਗਾ, 18 ਜੂਨ (ਜਗਰਾਜ ਸਿੰਘ ਸੰਘਾ) ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜਿਲ੍ਹਾ ਦਫ਼ਤਰ ਵਿੱਖੇ ਇਕੱਤਰ ਹੋਏ ਕਿਸਾਨ ਆਗੂ ਜਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ , ਸੂਬਾ ਮੀਤ ਪ੍ਰਧਾਨ ਗੁਲਜਾਰ ਸਿੰਘ ਘੱਲ ਕਲਾਂ ਨੇ ਕਿਹਾ ਕਿ ਕੇਂਦਰ ਦੀ ਐਨ ਡੀ ਏ ਸਰਕਾਰ ਵਿੱਚ ਭਾਜਪਾ ਨੂੰ ਸਮਰਥਨ ਦੇਣ ਵਾਲੀਆਂ ਵੱਡੀਆਂ ਪਾਰਟੀਆਂ ਆਪਣਾ ਦਬਾਅ ਬਣਾ ਕੇ ਕਿਸਾਨਾਂ ਦੀਆਂ ਲਟਕ ਰਹੀਆਂ ਮੰਗਾਂ ਨੂੰ ਮਨਵਾਉਣ ਤੇ ਜੋ ਵਾਅਦੇ ਕਰਕੇ ਐਨ ਡੀ ਏ ਸਰਕਾਰ ਸੱਤਾ ਵਿੱਚ ਆਈ ਹੈ ਉਸ ਮੁਤਾਬਿਕ ਸੁਆਮੀਨਾਥਨ ਰਿਪੋਰਟ ਨੂੰ ਜਲਦ ਤੋਂ ਜਲਦ ਲਾਗੂ ਕਰਵਾਉਣ ਉਨ੍ਹਾਂ ਅੱਗੇ ਕਿਹਾ ਕਿ ਜੇ ਸਰਕਾਰ ਦੀਆਂ ਭਾਈਵਾਲ ਪਾਰਟੀਆ ਪ੍ਰਧਾਨ ਮੰਤਰੀ ਉਪਰ ਦਬਾਅ ਬਣਾ ਕੇ ਸੁਆਮੀਨਾਥਨ ਰਿਪੋਰਟ ਲਾਗੂ ਨਹੀਂ ਕਰਵਾਉਂਦੀਆਂ ਤਾਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਇਹਨਾਂ ਅਲੱਗ ਅਲੱਗ ਪਾਰਟੀਆਂ ਨੂੰ ਅਲੱਗ ਅਲੱਗ ਸੂਬਿਆਂ ਵਿੱਚ ਕਿਸਾਨਾਂ ਦੇ ਰੋਹ ਦਾ ਸਾਹਮਣਾ ਕਰਨਾ ਪਵੇਗਾ। ਕਿਉਂਕਿ ਜਦੋਂ ਤੱਕ ਵੀ ਕੇਂਦਰ ਦੀਆਂ ਸਰਕਾਰਾਂ ਜਾਂ ਰਾਜਾਂ ਦੀਆਂ ਸਰਕਾਰਾਂ ਕਿਸਾਨਾਂ ਦੇ ਮਸਲੇ ਹੱਲ ਨਹੀਂ ਕਰਦੀਆਂ ਤਾਂ ਇਹ ਵਿਰੋਧ ਲਗਾਤਾਰ ਜਾਰੀ ਰਹੇਗਾ ਕਿਸਾਨ ਦਿਨ ਦਿਨ ਕਰਜੇ ਹੇਠ ਡੁੱਬਦਾ ਜਾ ਰਿਹਾ ਹੈ ਸਰਕਾਰਾਂ ਰੇਹਾਂ ਸਪਰੇਆਂ ਤੇ ਖੇਤੀਬਾੜੀ ਦੇ ਸੰਦਾਂ ਟਰੈਕਟਰਾਂ ਦੇ ਰੇਟ ਦਿਨੋ-ਦਿਨ ਦਿਨ ਵਧਾਈ ਜਾ ਰਹੀ ਹੈ ਪਰ ਕਿਸਾਨ ਦੀ ਆਮਦਨ ਦਿਨ ਬ ਦਿਨ ਘਟਦੀ ਜਾ ਰਹੀ ਹੈ। ਅਸੀਂ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਜਲਦ ਤੋਂ ਜਲਦ ਸਵਾਮੀਨਾਥ ਰਿਪੋਰਟ ਲਾਗੂ ਕੀਤੀ ਜਾਵੇ ਤਾਂ ਜੋ ਕਿਸਾਨਾਂ ਨੂੰ ਵੀ ਆਪਣੀਆਂ ਫਸਲਾਂ ਦਾ ਸਹੀ ਮੁੱਲ ਪ੍ਰਾਪਤ ਕਰ ਸਕੇ । ਆਗੂਆਂ ਨੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਤੋਂ ਵੀ ਮੰਗ ਕੀਤੀ ਹੈ ਕਿ ਤੁਸੀਂ ਜੋ ਕਿਸਾਨਾਂ ਨਾਲ ਵੱਡੇ ਵੱਡੇ ਵਾਅਦੇ ਕੀਤੇ ਸਨ ਉਸ ਦੇ ਮੁਤਾਬਕ ਕਿਸਾਨਾ ਨੇ ਤਾਂ ਬਦਲਵੀਆਂ ਫਸਲਾਂ ਮੂੰਗੀ , ਮੱਕੀ ਆਦਿ ਦੇ ਅੰਬਾਰ ਲਾ ਦਿੱਤੇ ਹਨ ਪਰ ਕਿਸਾਨਾਂ ਨੂੰ ਇਹਨਾਂ ਫਸਲਾਂ ਨੂੰ ਵੇਚਣ ਸਮੇਂ ਬਹੁਤ ਖੱਜਲ ਖੁਆਰੀ ਹੋ ਰਹੀ ਹੈ ਨਾਂ ਹੀ ਉਹਨਾਂ ਨੂੰ ਐਮ ਐਸ ਪੀ ਨਹੀਂ ਮਿਲ ਰਹੀ। ਇਸ ਲਈ ਪੰਜਾਬ ਸਰਕਾਰ ਇਸ ਵੱਲ ਵਿਸ਼ੇਸ਼ ਧਿਆਨ ਦੇਵੇ ਕਿਉਂਕਿ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸਰਕਾਰ ਨੂੰ ਇਹਨਾਂ ਮੁੱਦਿਆਂ ਉੱਪਰ ਕਿਸਾਨ ਘੇਰ ਕੇ ਸਵਾਲ ਜੁਆਬ ਕਰਨਗੇ। ਇਸ ਮੌਕੇ ਤੇ ਬਲਕਰਨ ਸਿੰਘ ਢਿੱਲੋ, ਰਵਿੰਦਰ ਸਿੰਘ ਭੋਲਾ ਜਰਨਲ ਸਕੱਤਰ, ਜਗਸੀਰ ਸਿੰਘ ਜੱਗੀ ਜਿਲ੍ਹਾ ਮੀਤ ਪ੍ਰਧਾਨ , ਹਰਨੇਕ ਸਿੰਘ ਫਤਿਹਗੜ੍ਹ ਐਗਜੈਕਟਿਵ ਮੈਂਬਰ ਪੰਜਾਬ, ਗੁਰਮੇਲ ਸਿੰਘ ਡਰੋਲੀ ਭਾਈ,ਰਕੇਸ਼ ਭੇਖਾ , ਪਾਲ ਸਿੰਘ ਘੱਲ ਕਲਾ ਜਿੰਦਰ ਸਿੰਘ ਜੈਮਲ ਵਾਲਾ ਸੁਖਦੇਵ ਸਿੰਘ ਚੋਟੀਆਂ ਸਾਬਕਾ ਮੀਤ ਪ੍ਰਧਾਨ , ਲਖਵਿੰਦਰ ਸਿੰਘ ਰੌਲੀ , ਗੁਰਮੀਤ ਸਿੰਘ ਸੰਧੂਆਣਾ , ਪ੍ਰੀਤਮ ਸਿੰਘ ਬਰਾੜ ਬਾਘਾ ਪੁਰਾਣਾ , ਪ੍ਰਗਟ ਸਿੰਘ ਮਹੇਸ਼ਰੀ, ਚਰਨਜੀਤ ਸਿੰਘ, ਨਿਰਮਲ ਸਿੰਘ ਕਾਲੀਏ ਵਾਲਾ ਬਲਾਕ ਪ੍ਰਧਾਨ, ਪ੍ਰੇਮ ਲਾਲ ਪੁਰੀ ਮੀਤ ਪ੍ਰਧਾਨ, ਜਗਤਾਰ ਸਿੰਘ ਚੋਟੀਆ ਮੀਤ ਪ੍ਰਧਾਨ ਆਦਿ ਵੀ ਹਾਜ਼ਰ ਸਨ।

ਨਗਰ ਕੌਂਸਲ ਪਾਤੜਾਂ ਦੇ ਸਾਬਕਾ ਪ੍ਰਧਾਨ ਨੂੰ ਲੋਕ ਸਭਾ ਚੋਣਾਂ ਦੌਰਾਨ ਪਾਰਟੀ ਵਿਰੋਧੀ ਗਤੀਵਿਧੀਆਂ ਸਬੰਧੀ ਨੋਟਿਸ ਜਾਰੀ

ਪੰਜਾਬ ਟਾਇਮਜ਼ ਵਿਸ਼ੇਸ਼

ਪਾਤੜਾਂ , 18 ਜੂਨ (ਹਰਭਜਨ ਸਿੰਘ ਮਹਿਰੋਕ)- ਕਾਂਗਰਸ ਜ਼ਿਲ੍ਹਾ ਪਟਿਆਲਾ ਦੇ ਪ੍ਰਧਾਨ ਮਹੰਤ ਹਰਵਿੰਦਰ ਸਿੰਘ ਖਨੌੜਾ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਲਾਕ ਕਾਂਗਰਸ ਕਮੇਟੀ ਪਾਤੜਾਂ ਦੇ ਸ਼ਹਿਰੀ ਪ੍ਰਧਾਨ ਰਾਕੇਸ਼ ਕੁਮਾਰ ਹੈਪੀ ਵੱਲੋਂ ਨਗਰ ਕੌਂਸਲ ਪਾਤੜਾਂ ਦੇ ਸਾਬਕਾ ਪ੍ਰਧਾਨ ਅਤੇ ਐਮ ਸੀ ਨਰਿੰਦਰ ਕੁਮਾਰ ਸਿੰਗਲਾ ਨੂੰ ਨੋਟਿਸ ਪੱਤਰ ਪ੍ਰਾਪਤ ਹੋਇਆ ਹੈ। ਇਹ ਪੱਤਰ ਹਲਕਾ ਇੰਚਾਰਜ ਵੱਲੋਂ ਸਿਫਾਰਸ਼ ਕਰਕੇ ਭੇਜਿਆ ਗਿਆ ਹੈ । ਇਸ ਪੱਤਰ ਵਿੱਚ ਦੋਸ਼ ਲਗਾਇਆ ਹੈ ਕਿ ਤਾਜ਼ਾ ਲੋਕ ਸਭਾ ਚੋਣਾਂ ਵਿੱਚ ਤੁਹਾਡੇ ਵੱਲੋਂ ਕਾਂਗਰਸ ਪਾਰਟੀ ਵਿੱਚ ਰਹਿ ਕੇ ਕਾਂਗਰਸ ਪਾਰਟੀ ਦੇ ਉਮੀਦਵਾਰ ਡਾ ਧਰਮਵੀਰ ਗਾਂਧੀ ਦਾ ਵਿਰੋਧ ਕੀਤਾ ਗਿਆ ਹੈ । ਇੰਨਾ ਹੀ ਨਹੀਂ ਤੁਹਾਡੇ ਵੱਲੋਂ ਨਿਯੁਕਤ ਪੋਲਿੰਗ ਏਜੰਟਾਂ ਨੂੰ ਡਰਾਇਆ ਧਮਕਾਇਆ ਗਿਆ ਹੈ। ਜਿਸ ਕਾਰਨ ਪੋਲਿੰਗ ਏਜੰਟਾਂ ਵੱਲੋਂ ਆਪਣੀ ਡਿਊਟੀ ਤੋਂ ਪਾਸਾ ਵੱਟਿਆ ਗਿਆ ਸੀ। ਇਥੇ ਹੀ ਨਹੀਂ ਤੁਹਾਡੇ 'ਤੇ ਇਹ ਵੀ ਦੋਸ਼ ਹੈ ਕਿ ਤੁਸੀਂ ਇਨ੍ਹਾਂ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਦੇ ਉਮੀਦਵਾਰ ਨਾਲ ਪ੍ਰੋਗਰਾਮਾਂ ਵਿੱਚ ਵੀ ਸ਼ਾਮਲ ਹੋਏ ਹੋ । ਤੁਹਾਡਾ ਅਜਿਹਾ ਕਰਨਾ ਪਾਰਟੀ ਵਿਰੋਧੀ ਕਾਰਵਾਈ ਵਿੱਚ ਆਉਂਦਾ ਹੈ। ਜਿਸ ਦੇ ਫਲਸਰੂਪ ਆਪ ਵੱਲੋਂ ਪਾਰਟੀ ਦਾ ਅਨੁਸ਼ਾਸਨ ਭੰਗ ਕੀਤਾ ਗਿਆ ਹੈ ਅਤੇ ਪਾਰਟੀ ਵੱਲੋਂ ਜਨ ਹਿੱਤ ਵਿੱਚ ਚਲਾਈਆਂ ਜਾਣ ਵਾਲੀਆਂ ਨੀਤੀਆਂ ਦਾ ਵੀ ਗੰਭੀਰ ਵਿਰੋਧ ਕੀਤਾ ਹੈ । ਇਸ ਲਈ ਤੁਹਾਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਨੋਟਿਸ ਦੇ 7 ਦਿਨਾਂ ਦੇ ਅੰਦਰ- ਅੰਦਰ ਆਪਣਾ ਸਪਸ਼ਟੀਕਰਨ ਭੇਜਿਆ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਆਪ ਖਿਲਾਫ ਇੱਕ ਤਰਫਾ ਕਾਰਵਾਈ ਕੀਤੀ ਜਾਵੇਗੀ ।

ਨਾਂਅ ਬਦਲੀ

ਮੈਂ ਜਸਵੰਤ ਸਿੰਘ ਪੁੱਤਰ ਪੂਰਨ ਸਿੰਘ ਵਾਸੀ ਪਿੰਡ ਤੇ ਡਾਕ: ਕਾਠਗੜ੍ਹ ਤਹਿ: ਬਲਾਚੌਰ (ਸ.ਭ.ਸ. ਨਗਰ) ਨੇ ਆਪਣੀ ਨਾਬਾਲਿਗ ਲੜਕੀ ਦਾ ਨਾਮ ਸਿਮਰਨ ਤੋਂ ਬਦਲ ਕੇ ਸਿਮਰਨ ਕੌਰ ਰੱਖ ਲਿਆ ਹੈ।

ਮੈਂ ਸਰਬਜੀਤ ਕੌਰ ਪਤਨੀ ਮਲਕੀਤ ਸਿੰਘ ਪਿੰਡ ਚੰਦ ਪੁਰਾਣਾ ਜ਼ਿਲਾ ਮੋਗਾ 142038 ਨੇ ਆਪਣਾ ਨਾਮ ਬਦਲ ਕੇ ਸਰਬਜੀਤ ਕੌਰ ਰੱਖ ਲਿਆ ਹੈ

ਮੈਂ ਗੁਰਮੀਤ ਕੌਰ (Gurmit Kaur) ਪਤਨੀ ਸੁਖਵਿੰਦਰ ਸਿੰਘ ਵਾਸੀ ਪਿੰਡ: ਦਾਤੇਵਾਲ (ਮੋਗਾ) ਨੇ ਆਪਣਾ ਨਾਮ ਬਦਲ ਕੇ ਗੁਰਮੀਤ ਕੌਰ (Gurmeet Kaur) ਰੱਖ ਲਿਆ ਹੈ।

ਮੈਂ ਅਮਨਜੋਤ ਪਤਨੀ ਰਾਜੂ ਸਿੰਘ ਵਾਸੀ ਪਿੰਡ ਹਰੀ ਨੌ (ਫਰੀਦਕੋਟ) ਨੇ ਵਿਆਹ ਤੋਂ ਪਿੱਛੋਂ ਆਪਣਾ ਨਾਮ ਬਦਲ ਕੇ ਅਮਨਜੋਤ ਕੌਰ ਰੱਖ ਲਿਆ ਹੈ।

ਮੈਂ ਸਤੂਤੀ ਪਤਨੀ ਅਮਨ ਗੋਇਲ ਵਾਸੀ ਫੌਜੀ ਰੋਡ, ਕੋਟਕਪੂਰਾ (ਫਰੀਦਕੋਟ) ਨੇ ਵਿਆਹ ਤੋਂ ਪਿੱਛੋਂ ਆਪਣਾ ਨਾਮ ਬਦਲ ਕੇ ਸਤੂਤੀ ਗੋਇਲ ਰੱਖ ਲਿਆ ਹੈ।

ਮੈਂ ਗੁਰਪ੍ਰੀਤ ਸਿੰਘ ਬਰਾੜ ਪੁੱਤਰ ਮੇਜਰ ਸਿੰਘ ਵਾਸੀ ਪਿੰਡ ਘਣੀਏਵਾਲਾ (ਫਰੀਦਕੋਟ) ਨੇ ਆਪਣਾ ਨਾਮ ਬਦਲ ਕੇ ਗੁਰਪ੍ਰੀਤ ਸਿੰਘ ਰੱਖ ਲਿਆ ਹੈ।

ਮੈਂ ਹੀਰਾ ਸਿੰਘ ਪੁੱਤਰ ਬਲਵੀਰ ਸਿੰਘ ਵਾਸੀ ਪਿੰਡ: ਪੱਧਰੀ ਮੌਖੂ (ਫਿਰੋਜ਼ਪਰ) ਨੇ ਆਪਣਾ ਨਾਮ ਬਦਲ ਕੇ ਹੀਰਾ ਸਿੰਘ ਰੱਖ ਲਿਆ ਹੈ।

CHANGE OF NAME

I, Gurbaksh Singh S/o Bhoora Singh R/o Baude (Moga) have changed my name to Gurbakhash Singh Dhaliwal.

I Geeta Jaiswal W/O Shallu Gupta R/O Nihal Singh Wala (Moga) Have Changed My Name To Geeta.

ਆਮ ਸੂਚਨਾ

ਮੈਂ ਸ਼ਿਦਰਪਾਲ ਸਿੰਘ ਪੁੱਤਰ ਨਿੱਕੂ ਰਾਮ ਵਾਸੀ ਪਿੰਡ ਕਰਮੂੰਵਾਲਾ ਤਹਿਸੀਲ ਵਾ ਜਿਲ੍ਹਾ ਫਿਰੋਜ਼ਪੁਰ ਸੂਚਿਤ ਕਰਦਾ ਹਾਂ ਮੇਰੀ ਨੂੰਹ ਸ਼ਰਨਜੀਤ ਕੌਰ ਪਤਨੀ ਬਿਕਰਮ ਸਿੰਘ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ ਆਪਣੀ ਮਨਮਰਜੀ ਕਰਦੀ ਹੈ ਇਸ ਨਾਲ ਮੇਰਾ ਅਤੇ ਮੇਰੇ ਪਰਿਵਾਰਕ ਮੈਂਬਰਾਂ ਦਾ ਕੋਈ ਤਲਕ ਵਾਸਤਾ ਨਹੀਂ ਰਿਹਾ ਹੈ ਅਗਰ ਇਹ ਕੋਈ ਵੀ ਚੰਗਾ ਜਾਂ ਮਾੜਾ ਕੰਮ ਕਰੇਗੀ ਜਾਂ ਇਸ ਨਾਲ ਕੋਈ ਕਿਸੇ ਤਰ੍ਹਾਂ ਦਾ ਲੈਣ ਦੇਣ ਕਰੇਗਾ ਤਾਂ ਉਸ ਦੀ ਸ਼ਰਨਜੀਤ ਕੌਰ ਖੁਦ ਜਿੰਮੇਵਾਰ ਹੋਵੇਗੀ ਮੇਰੀ ਅਤੇ ਮੇਰੇ ਪਰਿਵਾਰਕ ਮੈਂਬਰਾਂ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ ਸਬੰਧਤ ਨੋਟ ਕਰਨ।

ਬੇਦਖਲੀ ਨੋਟਿਸ

ਮੈਂ ਅਸ਼ੋਕ ਸਹਿਗਲ ਪੁੱਤਰ ਸ਼੍ਰੀ ਚਾਨਣ ਰਾਮ ਵਾਸੀ ਮਮਦੋਟ ਉਤਾੜ ਤਹਿਸੀਲ ਵਾ ਜ਼ਿਲ੍ਹਾ ਫਿਰੋਜ਼ਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਮਿਤ ਸਹਿਗਲ, ਨੂੰਹ ਪ੍ਰੀਤੀ ਚਾਵਲਾ ਪਤਨੀ ਅਮਿਤ ਸਹਿਗਲ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾ ਲੈਣ-ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਸਬੰਧਤ ਨੋਟ ਕਰਨ।

ਮੈਂ ਲਤਾ ਸੂਦ ਪਤਨੀ ਲੇਟ ਗਗਨ ਸੂਦ ਵਾਸੀ ਖੇੜਾ ਮਸਜਿਦ, ਸੂਦਾ ਮੁਹੱਲਾ ਫਗਵਾੜਾ ਜਿਲ੍ਹਾ ਕਪੂਰਥਲਾ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਵਰਿੰਦਰ ਸੂਦ ਅਤੇ ਉਸਦੀ ਪਤਨੀ ਕਿਰਨ ਬਾਲਾ ਸੂਦ ਜੋ ਕਿ ਦੋਨੋ ਮੇਰੇ ਕਹਿਣੇ ਤੋਂ ਬਾਹਰ ਹਨ ਨੂੰ ਮੈਂ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ।ਇਹਨਾ ਨਾਲ ਲੈਣ-ਦੇਣ ਕਰਨ ਵਾਲਾ ਖੁੱਦ ਜਿੰਮੇਵਾਰ ਹੋਵੇਗਾ।ਮੇਰੀ ਅਤੇ ਮੇਰੇ ਪਰਿਵਾਰ ਦੇ ਬਾਕੀ ਮੈਂਬਰਾਂ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।ਸਬੰਧਤ ਨੋਟ ਕਰਨ।

ਮੈਂ ਅਮਰਜੀਤ ਕੌਰ ਪਤਨੀ ਪੀਪੂ ਸਿੰਘ ਵਾਸੀ ਨੇੜੇ ਐਫ. ਸੀ. ਆਈ. ਗੋਦਾਮ ਰਣਸੀਂਹ ਕਲਾਂ ਰੋਡ ਨਿਹਾਲ ਸਿੰਘ ਵਾਲਾ ਜਿਲ੍ਹਾ ਮੋਗਾ ਸੂਚਿਤ ਕਰਦੀ ਹਾਂ ਕਿ ਮੇਰੀ ਲੜਕੀ ਪਵਨਦੀਪ ਕੌਰ (ਕੁਆਰੀ) ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ ਨੂੰ ਮੈਂ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ।ਇਸ ਨਾਲ ਲੈਣ ਦੇਣ ਕਰਨ ਵਾਲਾ ਖੁੱਦ ਜਿੰਮੇਵਾਰ ਹੋਵੇਗਾ।ਮੇਰਾ ਜਾਂ ਮੇਰੇ ਬਾਕੀ ਪਰਿਵਾਰ ਦਾ ਇਸ ਨਾਲ ਕੋਈ ਸਬੰਧ ਨਹੀਂ ਹੋਵੇਗਾ।ਸਬੰਧਤ ਨੋਟ ਕਰਨ।

ਮੈਂ ਤੇਜਾ ਸਿੰਘ ਪੁੱਤਰ ਬਲਵੇਡ ਸਿੰਘ ਵਾਸੀ ਅਗਵਾੜ ਗੁੱਜਰਾ ਜਗਰਾਉਂ ਤਹਿਸੀਲ ਜਗਰਾਉਂ ਜਿਲ੍ਹਾ ਲੁਧਿਆਣਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਪ੍ਰਤਾਪ ਸਿੰਘ ਉਰਫ ਚੰਨੀ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ ਨੂੰ ਮੈਂ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ।ਇਸ ਨਾਲ ਲੈਣ-ਦੇਣ ਕਰਨ ਵਾਲਾ ਖੁੱਦ ਜਿੰਮੇਵਾਰ ਹੋਵੇਗਾ।ਮੇਰਾ ਇਸ ਨਾਲ ਕੋਈ ਤੁਆਲਕ ਜਾਂ ਵਾਸਤਾ ਨਹੀਂ ਰਿਹਾ ਹੈ।ਸਬੰਧਤ ਨੋਟ ਕਰਨ।

ਮੈਂ ਰਾਜ ਕੌਰ ਵਿਧਵਾ ਅਵਤਾਰ ਸਿੰਘ ਵਾਸੀ ਪਿੰਡ: ਰਾਨਾ ਕਾਲਾ ਤਹਿ: ਬਾਬਾ ਬਕਾਲਾ (ਅੰਮ੍ਰਿਤਸਰ) ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸ਼ਰਨਜੀਤ ਸਿੰਘ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਮੇਰਾ ਜਾਂ ਮੇਰੇ ਪਰਿਵਾਰ ਦਾ ਕੋਈ ਵੀ ਤਾਲੁਕ ਵਾ ਵਾਸਤਾ ਨਹੀ ਹੋਵੇਗਾ।

ਮੈਂ ਸੁਖਜਿੰਦਰ ਕੌਰ ਪਤਨੀ ਸੁਖਵਿੰਦਰ ਸਿੰਘ ਵਾਸੀ ਵਾਰਡ ਨੰ. 10 ਲੋਹੀਆਂ ਖਾਸ ਤਹਿ: ਸ਼ਾਹਕੋਟ (ਜਲੰਧਰ) ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸੁਰੇਸ਼ ਸਿੰਘ (ਪਿਛਲੇ 6 ਮਹੀਨੇ ਤੋਂ ਲਾਪਤਾ ਹੈ) ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁੱਦ ਜਿੰਮੇਵਾਰ ਹੋਵੇਗਾ। ਮੇਰਾ ਜਾਂ ਮੇਰੇ ਪਰਿਵਾਰ ਦਾ ਕੋਈ ਵੀ ਤਾਲੁਕ ਵਾ ਵਾਸਤਾ ਨਹੀ ਹੋਵੇਗਾ।

ਮੈਂ ਮਮਤਾ ਰਾਣੀ ਪਤਨੀ ਹੈਪੀ ਗਰਗ ਵਾਸੀ ਮਕਾਨ ਨੰ:-14, 60 ਫੁੱਟ ਰੋਡ ਨੇੜੇ Palm Garden Basant Avenue Pvt. ਲੁਧਿਆਣਾ ਨੇ ਆਪਣਾ ਨਾਂਅ ਬਦਲ ਕੇ ਮਮਤਾ ਗਰਗ ਰੱਖ ਲਿਆ ਹੈ।

ਬੇਦਖਲੀ ਨੋਟਿਸ

ਮੈਂ ਅਵਤਾਰ ਸਿੰਘ ਪੁੱਤਰ ਰਘੁਬੀਰ ਸਿੰਘ ਵਾਸੀ ਪਿੰਡ ਨੌਹਰਾ ਤਹਿ: ਨਾਭਾ ਜ਼ਿਲ੍ਹਾ ਪਟਿਆਲਾ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਸਤਨਾਮ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਸਬੰਧਤ ਨੋਟ ਕਰਨ।

ਮਨਕਿ ਹਰਬੰਸ ਸਿੰਘ ਪੁੱਤਰ ਸ਼੍ਰੀ ਰਾਮ ਸਿੰਘ ਵਾਸੀ ਪਿੰਡ ਜਿੰਦਲਪੁਰ, ਭਾਦਸੋਂ ਤਹਿਸੀਲ ਨਾਭਾ ਜ਼ਿਲ੍ਹਾ ਪਟਿਆਲਾ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰਸ਼ਦੀਪ ਸਿੰਘ ਅਤੇ ਉਸਦੀ ਪਤਨੀ ਸੁਨੇਹਾ ਸ਼ਰਮਾ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਸਬੰਧਤ ਨੋਟ ਕਰਨ।

ਨਾਂਅ ਬਦਲੀ

ਮੈਂ ਗੁਰਪ੍ਰੀਤ ਕੌਰ ਗਿੱਲ ਪਤਨੀ ਪਰਮਜੀਤ ਸਿੰਘ ਗਰਚਾ ਵਾਸੀ ਪਿੰਡ ਮਜਾਰਾ ਡਾਕਖਾਨਾ ਬਿਲਗਾ ਜਿਲ੍ਹਾ ਲੁਧਿਆਣਾ ਨੇ ਆਪਣਾ ਨਾਂਅ ਬਦਲ ਕੇ ਗੁਰਪ੍ਰੀਤ ਕੌਰ ਰੱਖ ਲਿਆ ਹੈ।

ਮੈਂ ਸਿਕੰਦਰ ਕੌਰ ਅਤੇ ਕੋਰੋ ਪਤਨੀ ਕਾਕਾ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਭਗਤਾ ਭਾਈ ਕਾ ਜਿਲ੍ਹਾ ਬਠਿੰਡਾ ਉਪਰੋਕਤ ਦੋਨਾ ਨਾਂਅ ਵਾਲੀ ਮੈਂ ਇੱਕ ਹੀ ਪਰਸਨ ਹਾਂ।

ਮੈਂ ਦਲਜੀਤ ਕੌਰ ਪਤਨੀ ਬਲਜੀਤ ਸਿੰਘ ਸੰਧੂ ਵਾਸੀ ਭਾਨ ਸਿੰਘ ਸੰਧੂ ਸਟਰੀਟ ਸ੍ਰੀ ਮੁਕਤਸਰ ਸਾਹਿਬ ਨੇ ਆਪਣਾ ਨਾਂਅ ਬਦਲ ਕੇ ਦਲਜੀਤ ਕੌਰ ਸੰਧੂ ਰੱਖ ਲਿਆ ਹੈ।

ਮੈਂ ਬਲਜੀਤ ਸਿੰਘ ਪੁੱਤਰ ਨਿਰੰਜਨ ਸਿੰਘ ਵਾਸੀ ਭਾਨ ਸਿੰਘ ਸੰਧੂ ਸਟਰੀਟ ਸ੍ਰੀ ਮੁਕਤਸਰ ਸਾਹਿਬ ਨੇ ਆਪਣਾ ਨਾਂਅ ਬਦਲ ਕੇ ਬਲਜੀਤ ਸਿੰਘ ਸੰਧੂ ਰ